# Visit of Minister of State for External Affairs Shri V. Muraleedharan to the Republic of the Sudan and Republic of South Sudan (October 18-22, 2021)

October 16, 2021

.......................................................................................................................................................................

## ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੀ ਸੁਡਾਨ ਗਣਰਾਜ ਅਤੇ ਦੱਖਣੀ ਸੁਡਾਨ ਗਣਰਾਜ ਦੀ ਫੇਰੀ (18-22 ਅਕਤੂਬਰ, 2021)

**16 ਅਕਤੂਬਰ, 2021**

1. ਵਿਦੇਸ਼ ਰਾਜ ਮੰਤਰੀ ਅਤੇ ਸੰਸਦੀ ਮਾਮਲੇ ਮੰਤਰੀ ਸ਼੍ਰੀ ਵੀ. ਮੁਰਲੀਧਰਨ 18-19 ਅਕਤੂਬਰ, 2021 ਤੱਕ ਸੁਡਾਨ ਗਣਰਾਜ ਅਤੇ 20-22 ਅਕਤੂਬਰ ਤੱਕ ਦੱਖਣੀ ਸੁਡਾਨ ਗਣਰਾਜ ਦੀ ਫੇਰੀ 'ਤੇ ਜਾਣਗੇ। ਇਹ ਉਨ੍ਹਾਂ ਵੱਲੋਂ ਦੋਹਾਂ ਦੇਸ਼ਾਂ ਦੀ ਪਹਿਲੀ ਯਾਤਰਾ ਹੋਵੇਗੀ।

2. ਸੁਡਾਨ ਦੀ ਆਪਣੀ ਯਾਤਰਾ ਦੌਰਾਨ ਵਿਦੇਸ਼ ਰਾਜ ਮੰਤਰੀ ਵਿਦੇਸ਼ ਮੰਤਰੀ ਡਾ. ਮਰੀਅਮ ਅਲ-ਸਾਦਿਕ ਅਲ-ਮਹਦੀ ਅਤੇ ਹੋਰ ਪਤਵੰਤਿਆਂ ਨਾਲ ਆਪਸੀ ਹਿਤਾਂ ਦੇ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਗੱਲਬਾਤ ਕਰਨਗੇ। ਉਹ ਸੁਡਾਨੀ ਪ੍ਰਭੂਸੱਤਾਪੂਰਨ ਪ੍ਰੀਸ਼ਦ ਦੇ ਪ੍ਰਧਾਨ ਫਰਸਟ ਲੈਫਟੀਨੈਂਟ ਜਨਰਲ ਅਬਦੈਲ ਫਤਾਹ ਅਬਦੈਲਰਹਮਾਨ ਅਲ ਬੁਰਹਾਨ ਅਤੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਅਬਦੁੱਲਾ ਹਮਦੋਕ ਨਾਲ ਮੁਲਾਕਾਤ ਕਰਨਗੇ ਸੁਡਾਨ ਵਿਦੇਸ਼ ਰਾਜ ਮੰਤਰੀ ਇਸ ਯਾਤਰਾ ਦੌਰਾਨ ਸੁਡਾਨ ਵਿਖੇ ਭਾਰਤੀ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ।

3. ਦੱਖਣੀ ਸੁਡਾਨ ਵਿੱਚ ਵਿਦੇਸ਼ ਰਾਜ ਮੰਤਰੀ ਰਾਸ਼ਟਰਪਤੀ ਮਹਾਮਹਿਮ ਜਨਰਲ ਸਾਲਵਾ ਕੀਰ ਮਯਾਰਡਿਤ ਨਾਲ ਮਿਲਣਗੇ ਵਿਦੇਸ਼ ਰਾਜ ਮੰਤਰੀ ਵਿਦੇਸ਼ੀ ਮਾਮਲੇ ਅਤੇ ਅੰਤਰਰਾਸ਼ਟਰੀ ਸਹਿਕਾਰਤਾ ਮੰਤਰੀ ਮੇਯਿਕ ਅਈਈ ਡੇਂਗ, ਆਰਜ਼ੀ ਰਾਸ਼ਟਰੀ ਵਿਧਾਨ ਸਭਾ ਦੇ ਸਪੀਕਰ ਮਹਾਮਹਿਮ ਸ਼੍ਰੀਮਤੀ ਜੇਮਾ ਨੂਨੁ ਕੁੰਬਾ ਅਤੇ ਹੋਰ ਪਤਵੰਤਿਆਂ ਨੂੰ ਮਿਲਣਗੇ। ਉਹ ਜੁਬਾ ਵਿੱਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਨਗੇ ਅਤੇ ਭਾਰਤੀ ਉੱਦਮੀਆਂ ਨਾਲ ਗੱਲਬਾਤ ਕਰਨਗੇ। ਵਿਦੇਸ਼ ਰਾਜ ਮੰਤਰੀ ਜੂਬਾ ਵਿੱਚ ਭਾਰਤੀ ਫੌਜ ਦੇ ਡਾਕਟਰਾਂ ਦੁਆਰਾ ਚਲਾਏ ਜਾ ਰਹੇ ਦੱਖਣ ਸੂਡਾਨ ਅੰਦਰ ਸੰਯੁਕਤ ਰਾਸ਼ਟਰ ਮਿਸ਼ਨ (UNMISS) ਦੇ ਹਸਪਤਾਲ ਦਾ ਦੌਰਾ ਵੀ ਕਰਨਗੇ।

4. ਭਾਰਤ ਦੇ ਸੁਡਾਨ ਅਤੇ ਦੱਖਣੀ ਸੁਡਾਨ ਨਾਲ ਨਿੱਘੇ, ਦੋਸਤਾਨਾ ਅਤੇ ਸੁਹਿਰਦ ਸਬੰਧ ਹਨ. ਬਹੁਤ ਸਾਰੀਆਂ ਭਾਰਤੀ ਕੰਪਨੀਆਂ ਦੋਵਾਂ ਦੇਸ਼ਾਂ ਵਿੱਚ ਵੱਖ ਵੱਖ ਖੇਤਰਾਂ ਵਿੱਚ ਕਾਰਜਸ਼ੀਲ ਹਨ। ਲੰਮੇ ਸਮੇਂ ਤੋਂ ਸੁਡਾਨ ਅਤੇ ਦੱਖਣੀ ਸੁਡਾਨ ਦੇ ਨੌਜਵਾਨਾਂ ਦੀ ਸਮਰੱਥਾ ਨਿਰਮਾਣ ਵਿੱਚ ਭਾਰਤ ਮੋਹਰੀ ਰਿਹਾ ਹੈ। ਵੱਡੀ ਗਿਣਤੀ ਵਿੱਚ ਦੋਹਾਂ ਮੁਲਕਾਂ ਦੇ ਵਿਦਿਆਰਥੀ ਭਾਰਤ ਭਰ ਅੰਦਰ ਸੰਸਥਾਵਾਂ ਵਿੱਚ ਪੜ੍ਹ ਰਹੇ ਹਨ। ਭਾਰਤ ਦੇ ਸੁਡਾਨ ਅਤੇ ਦੱਖਣੀ ਸੁਡਾਨ ਨਾਲ ਡੂੰਘੇ ਸੱਭਿਆਚਾਰਕ ਅਤੇ ਲੋਕ ਪੱਧਰੀ ਸਬੰਧ ਹਨ। ਇਸ ਦੌਰੇ ਨਾਲ ਦੋਵਾਂ ਦੇਸ਼ਾਂ ਨਾਲ ਸਾਡੇ ਸਬੰਧਾਂ ਨੂੰ ਨਵੀਂ ਰਫਤਾਰ ਮਿਲੇਗੀ।

ਨਵੀਂ ਦਿੱਲੀ
16 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.